ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਵੱਡਿਆਂ ਦੇ ਕਾਕੇ

ਇਹ ਨੋਟ ਉਸ ਸੰਦਰਭ ਵਿਚ ਲਿਖਿਆ ਜਾ ਰਿਹਾ ਹੈ, ਜਦੋਂ ਦਿੱਲੀ ਦੇ ਰੱਜੇ-ਪੁੱਜੇ ਲੋਕਾਂ ਦੇ ਕਾਕਿਆਂ ਨੇ ਆਪਣੀ ਕਾਰ ਦੇ ਥੱਲੇ ਪੰਜ ਲੋਕਾਂ ਨੂੰ ਕੁਚਲ ਦਿੱਤਾ ਜਿਹਨਾਂ ਵਿਚ ਪੁਲਸ ਦੇ ਲੋਕ ਸ਼ਾਮਲ ਸਨ, ਜੋ ਆਪਣੀ ਡਿਊਟੀ ਦੇ ਰਹੇ ਸਨ। ਵੱਡੇ ਲੋਕਾਂ ਦੇ ਇਹ ਕਾਕੇ ਸਮੁੱਚੇ ਸਮਾਜ ਲਈ ਇਕ ਜ਼ਹਿਮਤ ਬਣੇ ਹੋਏ ਹਨ। ਬਾਪ ਦਾਦਾ ਦੀ ਅੰਨ੍ਹੀ ਤੇ ਬਹੁਤੀ ਵਾਰੀ ਨਜਾਇਜ਼ ਤਰੀਕਿਆਂ ਰਾਹੀਂ ਬਣਾਈ ਹੋਈ ਦੌਲਤ ਦੇ ਸਿਰ 'ਤੇ ਇਹ ਕਾਕੇ ਅਯਾਸ਼ੀਆਂ ਕਰਦੇ ਹਨ। ਸ਼ਰਾਬ ਨਾਲ ਗੁੱਟ ਹੋ ਕੇ ਵੱਡੀਆਂ ਤੇ ਬੜੀਆਂ ਹੀ ਮਹਿੰਗੀਆਂ ਕਾਰਾਂ ਚਲਾਉਂਦੇ ਹਨ ਤੇ ਸਾਧਾਰਨ ਗ਼ਰੀਬ ਲੋਕਾਂ ਨੂੰ ਮਾਰਦੇ ਕੁਚਲਦੇ ਹੋਏ ਲੰਘ ਜਾਂਦੇ ਹਨ। ਬਹੁਤੀ ਵਾਰ ਉਹ ਇਹ ਹਾਦਸਾ ਕਰਨ ਤੋਂ ਬਾਅਦ ਨੱਸਣ ਵਿਚ ਕਾਮਯਾਬ ਹੋ ਜਾਂਦੇ ਹਨ ਭਾਵੇਂ ਦਿੱਲੀ ਵਿਚ ਇਹਨਾਂ ਦੀ ਸ਼ਨਾਖਤ ਹੋ ਗਈ ਤੇ ਉਹ ਫੜੇ ਗਏ ਹਨ। ਪਰ ਇਹ ਸੌ ਵਿਚੋਂ ਇਕ ਵਾਰ ਹੈ ਕਿ ਇਹ ਇਕ ਚੁਸਤ ਪੁਲਸ ਕਰਮਚਾਰੀ ਦੀ ਹੁਸ਼ਿਆਰੀ ਕਰਕੇ ਫੜੇ ਗਏ ਹਨ।

ਉਹਨਾਂ ਵਿਚੋਂ ਇਕ ਨੇਵੀ ਦੇ ਰਹਿ ਚੁੱਕੇ ਵੱਡੇ ਕਮਾਂਡਰ ਨੰਦਾ ਦਾ ਪੋਤਾ ਹੈ। ਉਸਦਾ ਬਾਪ ਹਥਿਆਰਾਂ ਦਾ ਵੱਡਾ ਵਪਾਰੀ ਹੈ। ਇਸ ਬਾਪ ਨੇ ਜ਼ਰੂਰ ਆਪਣੇ ਬਾਪ ਦੇ ਅਹੁਦੇ ਦਾ ਫਾਇਦਾ ਉਠਾ ਕੇ ਹਥਿਆਰਾਂ ਦਾ ਵਪਾਰ ਸ਼ੁਰੂ ਕੀਤਾ ਹੋਣਾ ਹੈ। ਇਸ ਨੰਦਾ ਦੇ ਪੋਤੇ ਨੇ ਜੰਮਦਿਆਂ ਹੀ ਪੈਸੇ ਵਿਚ ਖੇਡਣਾ ਸ਼ੁਰੂ ਕੀਤਾ ਹੋਣਾ ਹੈ। ਇਹੋ ਜਿਹੇ ਛੋਟੀ ਉਮਰ ਵਿਚ ਹੀ ਫੇਰ ਹੋਟਲਾਂ ਵਿਚ ਸਾਰੀ ਸਾਰੀ ਰਾਤ ਡਿਸਕੋ ਨਾਚ ਨੱਚਦੇ ਰਹਿੰਦੇ ਹਨ। ਫੇਰ ਹਾਦਸੇ ਕਰਦੇ ਹਨ। ਬੇਅੰਤ ਸਿੰਘ ਦੇ ਦੋਹਤਿਆਂ-ਪੋਤਿਆਂ ਦੀ ਇਹ ਦਾਸਤਾਨ ਸੀ ਜਦੋਂ ਉਹਨਾਂ ਫਰਾਂਸ ਦੀ ਕੁੜੀ ਨਾਲ ਸਮੂਹ ਬਲਾਤਕਾਰ ਕੀਤਾ ਸੀ। ਮਹਿਲ ਕਲਾਂ ਵਿਚ ਕਿਰਨਜੀਤ ਨੂੰ ਅਗਵਾ ਕਰਕੇ ਸਮੂਹ ਬਲਾਤਕਾਰ ਕਰਨ ਵਾਲੇ ਵੀ ਵੱਡੇ ਲੋਕਾਂ ਦੇ ਕਾਕੇ ਸਨ। ਭਾਵੇਂ ਉਹ ਮੁਕਾਬਲਤਨ ਛੋਟੀ ਪੱਧਰ ਦੇ ਸਨ। ਮੱਧ ਪ੍ਰਦੇਸ਼ ਦੀ ਇਕ ਯੂਨੀਵਰਸਿਟੀ ਦੇ ਕੈਂਪਸ ਵਿਚ ਇਕ ਵਿਦਿਆਰਥਣ ਨੂੰ ਕਾਰ ਥੱਲੇ ਕੁਚਲਣ ਵਾਲੇ ਵੀ ਇਹ ਕਾਕੇ ਹੀ ਸਨ। ਸਮਾਜ ਇਹਨਾਂ ਦਾ ਕੀ ਕਰੇ? ਇਹ ਕਾਕੇ ਵੱਡੇ-ਵੱਡੇ ਸਮਾਜਕ ਅਪਰਾਧ ਕਰਦੇ ਹਨ। ਕਈ ਵਾਰੀ ਫੜੇ ਵੀ ਜਾਂਦੇ ਹਨ। ਪਰ ਸਾਡੇ ਕਾਨੂੰਨ ਵਿਚ ਏਨੀਆਂ ਚੋਰ-ਮੋਰੀਆਂ ਹਨ ਕਿ ਇਹ ਆਪਣੇ ਪੈਸੇ ਦੇ ਜ਼ੋਰ ਨਾਲ ਬਰੀ ਹੋ ਜਾਂਦੇ ਹਨ। ਸਮਾਜ ਦੇ ਸਾਹਮਣੇ ਇਹ ਵੱਡੇ ਕਾਕਿਆਂ ਦੀਆਂ ਹਰਕਤਾਂ ਇਕ ਚੈਲਿੰਜ ਹਨ।

1972-73 ਦੀ ਗੱਲ ਹੈ, ਪੰਜਾਬ ਦੀ ਵਿਦਿਆਰਥੀ ਲਹਿਰ ਨੇ ਇਸ ਚੈਲਿੰਜ ਨੂੰ ਕਬੂਲ ਕੀਤਾ ਸੀ। ਜਥੇਬੰਦਕ ਤਰੀਕੇ ਨਾਲ ਇਹਨਾਂ ਕਾਕਿਆਂ ਨੂੰ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਨੱਥ ਪਾਈ ਸੀ। ਖੁਲ੍ਹੀਆਂ ਜੀਪਾਂ ਵਿਚ ਹਰਲ-ਹਰਲ ਕਰਦੇ ਇਹਨਾਂ ਕਾਕਿਆਂ ਨੂੰ, ਜਿਹਨਾਂ ਨੇ ਆਪਣੇ ਨਾਲ ਗੁੰਡਿਆਂ ਦੀਆਂ ਢਾਣੀਆਂ ਜੋੜੀਆਂ ਹੋਈਆਂ ਸਨ, ਹਥਿਆਰਬੰਦ ਤਰੀਕੇ ਨਾਲ ਰੋਕਿਆ ਸੀ। ਹੋਸਟਲਾਂ ਵਿਚ ਝੜਪਾਂ ਹੋਈਆਂ ਸਨ। ਹੁਣ ਵੀ ਇਹਨਾਂ ਕਾਕਿਆਂ ਦੀ ਜਮਾਤ ਨੂੰ ਰੋਕਣਾ ਆਪਣੇ ਆਪ ਵਿਚ ਅਗਾਂਹਵਧੂ ਵਿਦਿਆਰਥੀਆਂ ਅਤੇ ਨੌਜਵਾਨਾਂ ਦੀਆਂ ਯੂਨੀਅਨਾਂ ਲਈ ਇਕ ਸਿਆਸੀ ਅਤੇ ਸਮਾਜਕ ਚੈਲਿੰਜ ਹੈ।

ਦਿੱਲੀ ਦੀ ਕੋਰਟ ਵਿਚ ਜਦੋਂ ਇਹ ਕਾਰ ਕਾਂਡ ਦੇ ਮੁਜਰਿਮ ਪੇਸ਼ ਕੀਤੇ ਗਏ ਤਾਂ ਇਹ ਖ਼ਬਰ ਮਿਲਣੀ ਚਾਹੀਦੀ ਸੀ ਕਿ ਦਿੱਲੀ ਦੀਆਂ ਵਿਦਿਆਰਥੀ ਯੂਨੀਅਨਾਂ ਦੇ ਕਾਰਕੁੰਨ ਰੋਸ ਮਾਰਚ ਕਰਦੇ ਹੋਏ ਉਥੇ ਪੁੱਜੇ ਜਾਂ ਨੌਜਵਾਨਾਂ ਦੀਆਂ ਜਥੇਬੰਦੀਆਂ ਦੇ ਕਾਰਕੁੰਨ ਉਥੇ ਪੁੱਜੇ। ਪਰ ਉਹ ਨਹੀਂ ਪੁੱਜੇ, ਸਿਰਫ਼ ਇਹਨਾਂ ਕਾਕਿਆਂ ਦੇ ਮਾਪੇ ਤਰਸ ਦੇ ਪਾਤਰ ਬਣਕੇ ਉਥੇ ਪੁੱਜੇ ਹੋਏ ਸਨ। ਪ੍ਰੈਸ ਨੂੰ ਉਹ ਇਹ ਪ੍ਰਭਾਵ ਦੇ ਰਹੇ ਸਨ ਕਿ ਮੁੰਡਿਆਂ ਨੇ ਗ਼ਲਤੀ ਜ਼ਰੂਰ ਕੀਤੀ ਹੈ, ਜਵਾਨੀ ਵਿਚ ਗ਼ਲਤੀਆਂ ਹੋ ਹੀ ਜਾਂਦੀਆਂ ਹਨ, ਇਹ ਤਾਂ ਬੜੇ ਸ਼ਰੀਫਜ਼ਾਦੇ ਹਨ, ਮੱਮੀ-ਮੱਮੀ ਕਰਦੇ ਇਹਨਾਂ ਦੀ ਜ਼ੁਬਾਨ ਨਹੀਂ ਥੱਕਦੀ, ਘਰਾਂ ਵਿਚ ਨੌਕਰ, ਨੌਕਰਾਣੀਆਂ ਨੂੰ ਬਰਾਬਰ ਦਾ ਖਾਣ ਲਈ, ਦੇਣ ਲਈ ਮਾਪਿਆਂ ਨਾਲ ਬਹਿਸ ਕਰਦੇ ਹਨ, ਆਦਿਕ। ਯਾਨੀ ਇਹ ਤਾਂ ਦੇਸ਼ ਦਾ ਭਵਿੱਖ ਹਨ, ਵੱਡੇ ਅਹੁਦਿਆਂ ਤੇ ਜਾਣ ਲਈ ਇਹ ਦੇਸ਼ ਬਦੇਸ਼ ਪੜ੍ਹਾਈਆਂ ਕਰ ਰਹੇ ਹਨ। ਇਸ ਲਈ ਇਹਨਾਂ ਨਾਲ ਮੁਆਫ਼ੀ ਵਰਗਾ ਸਲੂਕ ਹੋਣਾ ਚਾਹੀਦਾ ਹੈ। ਇਕ ਕਾਕੇ ਦੀ ਮਾਂ ਤਾਂ ਜ਼ਾਰ-ਜ਼ਾਰ ਰੋ ਰਹੀ ਸੀ ਕਿ ਹੱਥਕੜੀ ਤਾਂ ਉਹਨੂੰ ਲਗਣੀ ਚਾਹੀਦੀ ਹੈ ਕਿ ਉਸਨੇ ਲਾਡ ਵਿਚ ਆਪਣੇ ਪੁੱਤਰ ਨੂੰ ਮੂੰਹ ਮੰਗੇ ਪੈਸੇ ਦਿੱਤੇ ਤੇ ਉਹ ਹੋਟਲਾਂ ਵਿਚ ਜਾਣ ਲੱਗ ਪਿਆ। ਮੁਆਫ਼ੀ ਇਹਨਾਂ ਕਾਕਿਆਂ ਨੂੰ ਮਿਲ ਹੀ ਜਾਣੀ ਹੈ। ਦੋ ਨੂੰ ਤਾਂ ਜ਼ਮਾਨਤ ਵੀ ਮਿਲ ਗਈ ਹੈ, ਕਿਉਂਕਿ ਪੁਲਸ ਅਧਿਕਾਰੀਆਂ ਨੇ ਜਿਹੜਾ ਕੇਸ ਦਰਜ ਕੀਤਾ ਹੈ, ਉਹ ਕਤਲ ਦਾ ਨਹੀਂ, ਸਗੋਂ ਕਾਰ ਚਲਾਉਣ ਵੇਲੇ ਵਰਤੀ ਬੇਪਰਵਾਹੀ ਦਾ ਹੀ ਕੇਸ ਹੈ। ਜ਼ੁਰਮਾਨੇ ਜਾਂ ਛੋਟੀ-ਮੋਟੀ ਸਜ਼ਾ ਬਾਅਦ ਉਹ ਬਰੀ ਹੋ ਹੀ ਜਾਣਗੇ।

ਵਿਦਿਆਰਥੀ-ਨੌਜਵਾਨਾਂ ਦੀਆਂ ਜਥੇਬੰਦੀਆਂ ਦਾ ਇਹਨਾਂ ਕਾਕਿਆਂ ਬਾਰੇ ਸੋਚਣਾ ਬਣਦਾ ਹੈ। ਯੂਨੀਵਰਸਿਟੀਆਂ-ਕਾਲਜਾਂ ਵਿਚ ਕਾਰਾਂ ਦੇ ਦਾਖ਼ਲੇ ਤੇ ਪਾਬੰਦੀ ਲਗਣੀ ਜ਼ਰੂਰੀ ਹੈ।

ਲੋਕਾਂ ਦੀ ਰਾਏ ਆਪਾ ਇਹਨਾਂ ਕਾਕਿਆਂ ਦੀਆਂ ਕਰਤੂਤਾਂ ਦੇ ਵਿਰੁੱਧ ਬਨਾਉਣ ਦੀ ਲੋੜ ਹੈ। ਇਹਨਾਂ ਨੂੰ ਅਪਰਾਧੀਆਂ ਵਾਂਗ ਨਫ਼ਰਤ ਕਰਨੀ ਬਣਦੀ ਹੈ। ਐਵੇਂ ਜਵਾਨੀ ਦੀਆਂ ਗ਼ਲਤੀਆਂ ਕਹਿ ਕੇ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ। ਇਸ ਸਮਾਜਕ ਲਾਅਨਤ ਬਾਰੇ ਸਿਰ ਜੋੜਕੇ ਸੋਚਣਾ ਜ਼ਰੂਰੀ ਹੈ।